# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਵੈਨਕੂਵਰ ਦੇ ਜਨਤਕ ਅਤੇ ਅਕਾਦਮਿਕ ਖੇਤਰ ਦੀ ਨਾਮਵਰ ਸ਼ਖ਼ਸੀਅਤ ਸਨ – ਡਾ. ਸੈਟੀ ਪੇਂਡਾਕੁਰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਵੈਨਕੂਵਰ, 20 ਮਾਰਚ : ਵੈਨਕੂਵਰ ਦੇ ਜਨਤਕ ਅਤੇ ਅਕਾਦਮਿਕ ਜੀਵਨ ਵਿੱਚ ਇੱਕ ਅਜਿਹਾ ਨਾਮ ਸਦਾ ਲਈ ਇਤਿਹਾਸ ਦੇ ਸੁਨਹਿਰੀ ਪੰਨਿਆਂ ਵਿੱਚ ਦਰਜ ਹੋ ਗਿਆ ਹੈ, ਜਿਸ ਨੇ ਨਾ ਸਿਰਫ਼ ਸ਼ਹਿਰ ਦੀ ਨੁਹਾਰ ਬਦਲੀ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਕੈਨੇਡੀਅਨ ਸਿਆਸਤ ਦੇ ਬੂਹੇ ਵੀ ਖੋਲ੍ਹ ਦਿੱਤੇ। ਡਾ. ਸੈਟੀ ਪੇਂਡਾਕੁਰ (1934-2026) ਦੇ ਰੂਪ ਵਿੱਚ ਕਮਿਊਨਿਟੀ ਨੇ ਇੱਕ ਅਜਿਹਾ ਦੂਰਅੰਦੇਸ਼ੀ ਆਗੂ ਗੁਆ ਦਿੱਤਾ ਹੈ, ਜਿਸ ਨੇ ਭਾਰਤ ਦੇ ਇੱਕ ਛੋਟੇ ਜਿਹੇ ਪਿੰਡ ਤੋਂ ਸ਼ੁਰੂ ਹੋ ਕੇ ਵੈਨਕੂਵਰ ਸਿਟੀ ਕੌਂਸਲ ਤੱਕ ਦਾ ਸਫ਼ਰ ਆਪਣੀ ਮਿਹਨਤ ਅਤੇ ਕਾਬਲੀਅਤ ਦੇ ਦਮ ‘ਤੇ ਤੈਅ ਕੀਤਾ।

11 ਫਰਵਰੀ 1934 ਨੂੰ ਕਰਨਾਟਕ ਵਿੱਚ ਜਨਮੇ ਡਾ. ਪੇਂਡਾਕੁਰ ਨੇ ਮੁੱਢਲੇ ਜੀਵਨ ਵਿੱਚ ਵਿਦਿਅਕ ਸਾਧਨਾਂ ਦੀ ਘਾਟ ਦੇ ਬਾਵਜੂਦ ਕਦੀ ਹਾਰ ਨਹੀਂ ਮੰਨੀ। ਇੰਜੀਨੀਅਰਿੰਗ ਦੀ ਪੜ੍ਹਾਈ ਤੋਂ ਬਾਅਦ ਭਾਰਤੀ ਪ੍ਰਸ਼ਾਸਨਿਕ ਸੇਵਾ (IAS) ਵਰਗੇ ਵੱਕਾਰੀ ਅਹੁਦੇ ‘ਤੇ ਰਹਿਣ ਦੇ ਬਾਵਜੂਦ, ਉਹਨਾਂ ਅੰਦਰ ਉੱਚ ਸਿੱਖਿਆ ਦੀ ਚਾਹਤ ਬਰਕਰਾਰ ਰਹੀ, ਜੋ ਉਹਨਾਂ ਨੂੰ 1955 ਵਿੱਚ ਸੰਯੁਕਤ ਰਾਸ਼ਟਰ ਦੀ ਸਕਾਲਰਸ਼ਿਪ ‘ਤੇ ਉੱਤਰੀ ਅਮਰੀਕਾ ਲੈ ਆਈ। ਰੰਗ-ਭੇਦ ਅਤੇ ਨਸਲੀ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਉਹ ਕੈਨੇਡਾ ਪਹੁੰਚੇ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (UBC) ਤੋਂ ਸ਼ਹਿਰੀ ਯੋਜਨਾਬੰਦੀ ਵਿੱਚ ਮੁਹਾਰਤ ਹਾਸਲ ਕੀਤੀ।

ਉਹਨਾਂ ਦੇ ਜੀਵਨ ਦਾ ਸਭ ਤੋਂ ਅਹਿਮ ਪੜਾਅ 1972 ਵਿੱਚ ਆਇਆ, ਜਦੋਂ ਉਹ ਵੈਨਕੂਵਰ ਸਿਟੀ ਕੌਂਸਲ ਲਈ ਚੁਣੇ ਜਾਣ ਵਾਲੇ ਪਹਿਲੇ ਦੱਖਣੀ ਏਸ਼ੀਆਈ ਮੈਂਬਰ ਬਣੇ। ਇਹ ਉਹ ਦੌਰ ਸੀ ਜਦੋਂ ਕੈਨੇਡਾ ਵਿੱਚ ਭਾਰਤੀ ਭਾਈਚਾਰੇ ਦੀ ਨੁਮਾਇੰਦਗੀ ਨਾਮਾਤਰ ਸੀ। ਕੌਂਸਲ ਮੈਂਬਰ ਵਜੋਂ ਉਹਨਾਂ ਨੇ ਸ਼ਹਿਰ ਦੇ ਵਿਕਾਸ ਅਤੇ ਆਮ ਲੋਕਾਂ ਦੀ ਪਹੁੰਚ ਨੂੰ ਤਰਜੀਹ ਦਿੱਤੀ, ਜਿਸ ਦੀ ਸਭ ਤੋਂ ਵੱਡੀ ਮਿਸਾਲ ਵੈਨਕੂਵਰ ਦੇ ਸਮੁੰਦਰੀ ਕਿਨਾਰਿਆਂ ਨੂੰ ਲੋਕਾਂ ਲਈ ਖੋਲ੍ਹਣ ਦਾ “99 by ’99” ਦਾ ਵਿਜ਼ਨ ਸੀ।

ਸਿਆਸਤ ਤੋਂ ਇਲਾਵਾ ਸਿੱਖਿਆ ਦੇ ਖੇਤਰ ਵਿੱਚ ਉਹਨਾਂ ਦਾ ਯੋਗਦਾਨ ਲਾਮਿਸਾਲ ਰਿਹਾ। 1966 ਤੋਂ ਯੂ.ਬੀ.ਸੀ. ਵਿੱਚ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਉਂਦਿਆਂ ਉਹਨਾਂ ਨੇ ਅਨੇਕਾਂ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕੀਤਾ। ਧਾਰਮਿਕ ਅਤੇ ਸਮਾਜਿਕ ਖੇਤਰ ਵਿੱਚ ਵੀ ਉਹਨਾਂ ਦੀ ਸਰਗਰਮੀ ਪ੍ਰੇਰਣਾਦਾਇਕ ਰਹੀ; ਖਾਸ ਕਰਕੇ ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਦੀ ਇਮਾਰਤ ਕਮੇਟੀ ਦੇ ਚੇਅਰਮੈਨ ਵਜੋਂ ਉਹਨਾਂ ਨੇ ਭਾਈਚਾਰੇ ਨੂੰ ਇਕਜੁੱਟ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ।

ਉਹਨਾਂ ਦੇ ਪਰਿਵਾਰਕ ਜੀਵਨ ਦੀ ਨੀਂਹ ਵੀ ਯੂ.ਬੀ.ਸੀ. ਦੀ ਇੱਕ ਕੈਫੇਟੇਰੀਆ ਦੀ ਲਾਈਨ ਵਿੱਚ ਸ਼ੁਰੂ ਹੋਈ, ਜਿੱਥੇ ਉਹ ਆਪਣੀ ਜੀਵਨ ਸਾਥਣ ਰਾਜਿੰਦਰ ਜੀ ਨੂੰ ਮਿਲੇ। ਉਹਨਾਂ ਦੇ ਦੋਵੇਂ ਸਪੁੱਤਰ, ਰਵੀ ਅਤੇ ਕ੍ਰਿਸ਼ਨਾ ਪੇਂਡਾਕੁਰ, ਅੱਜ ਕੈਨੇਡਾ ਦੀਆਂ ਨਾਮਵਰ ਯੂਨੀਵਰਸਿਟੀਆਂ ਵਿੱਚ ਪ੍ਰੋਫੈਸਰ ਵਜੋਂ ਉਹਨਾਂ ਦੀ ਵਿਦਿਅਕ ਵਿਰਾਸਤ ਨੂੰ ਅੱਗੇ ਵਧਾ ਰਹੇ ਹਨ। ਡਾ. ਪੇਂਡਾਕੁਰ ਦਾ ਜੀਵਨ ਇੱਕ ਅਜਿਹੀ ਮਿਸਾਲ ਹੈ ਜੋ ਸਾਨੂੰ ਦਰਸਾਉਂਦੀ ਹੈ ਕਿ ਕਿਵੇਂ ਦੂਰਅੰਦੇਸ਼ੀ ਅਤੇ ਲੋਕ-ਸੇਵਾ ਦੀ ਭਾਵਨਾ ਇੱਕ ਵਿਅਕਤੀ ਨੂੰ ਇਤਿਹਾਸ ਦਾ ਹਿੱਸਾ ਬਣਾ ਦਿੰਦੀ ਹੈ। ਉਹਨਾਂ ਦਾ ਜਾਣਾ ਸਮੁੱਚੇ ਕੈਨੇਡੀਅਨ ਸਮਾਜ ਲਈ ਇੱਕ ਵੱਡਾ ਘਾਟਾ ਹੈ।

## ‘ਖੇਤਰੀ ਖੋਜ ਕੇਂਦਰ ਵਿਖੇ ਕਿਸਾਨ ਮੇਲੇ ਦਾ ਆਯੋਜਨ’

### ਸਪੀਕਰ ਸੰਧਵਾਂ ਨੇ ਮੁੱਖ ਮਹਿਮਾਨ ਅਤੇ ਵਿਧਾਇਕ ਸੇਖੋਂ ਨੇ ਵਿਸ਼ੇਸ਼ ਮਹਿਮਾਨ ਵਜੋਂ ਕੀਤੀ ਸ਼ਿਰਕਤ

### ਕਿਸਾਨ ਖੇਤੀ ਦੇ ਨਾਲ ਨਾਲ ਐਗਰੀ ਬਿਜਨਸ ਵੱਲ ਵੀ ਕਿਸਾਨ ਆਪਣੇ ਕਦਮ ਵਧਾਉਣ : ਸਪੀਕਰ ਸੰਧਵਾਂ

### ਕਿਸਾਨਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਕਿਸਾਨ ਮੇਲੇ : ਸੇਖੋਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਕੋਟਕਪੂਰਾ, 20 ਮਾਰਚ : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਖੇਤਰੀ ਖੋਜ ਕੇਂਦਰ ਫਰੀਦਕੋਟ ਵਿਖੇ ਖੇਤੀ ਵਿਭਿੰਨਤਾ ਅਪਣਾਏ, ਵਡਮੁੱਲਾ ਵਾਤਾਵਰਣ ਬਚਾਓ ਦੇ ਉਦੇਸ਼ ਨਾਲ ਕਿਸਾਨਾਂ ਨੂੰ ਸਾਉਣੀ ਦੀਆਂ ਫਸਲਾਂ ਬਾਰੇ ਤਕਨੀਕੀ ਜਾਣਕਾਰੀ ਦੇਣ, ਖੇਤੀ ਵਿਭਿੰਨਤਾ ਆਦਿ ਸਬੰਧੀ ਜਾਣਕਾਰੀ ਮੁਹੱਈਆ ਕਰਵਾਉਣ ਲਈ ਜਿਲ੍ਹਾ ਪੱਧਰੀ ਕਿਸਾਨ ਮੇਲੇ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮੁੱਖ ਮਹਿਮਾਨ, ਜਦਕਿ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਅਤੇ ਡਾ. ਗੁਰਦੇਵ ਸਿੰਘ ਖੁਸ਼ ਅੰਤਰਰਾਸ਼ਟਰੀ ਝੋਨਾ ਵਿਗਿਆਨੀ, ਇੰਜੀਨੀਅਰ ਅਮਰਜੀਤ ਸਿੰਘ ਢਿੱਲੋਂ ਮੈਂਬਰ ਪ੍ਰਬੰਧਕੀ ਬੋਰਡ ਪੀ.ਏ.ਯੂ. ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਮੇਲੇ ਦੀ ਪ੍ਰਧਾਨਗੀ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਉੱਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਨੇ ਕੀਤੀ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ ਅਮਨਦੀਪ ਸਿੰਘ ਬਾਬਾ, ਮੁੱਖ ਖੇਤੀਬਾੜੀ ਅਫਸਰ ਡਾ. ਕੁਲਵੰਤ ਸਿੰਘ, ਪ੍ਰੋਜੈਕਟ ਡਾਇਰੈਕਟਰ ਆਤਮਾ ਡਾ. ਅਮਨਦੀਪ ਕੇਸ਼ਵ ਤੋਂ ਇਲਾਵਾ



ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਤੋਂ ਮੁਖੀ ਤੇ ਵਿਗਿਆਨੀ ਹਾਜ਼ਰ ਸਨ। ਇਸ ਮੌਕੇ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਅਤੇ ਦੇਸ਼ ਦੀ ਤਰੱਕੀ ਲਈ ਸਾਨੂੰ ਕਿਸਾਨ ਤੇ ਕਿਸਾਨੀ ਨੂੰ ਹੋਰ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਕਾਰੀ ਸੰਸਥਾ ਹੈ ਜੋ ਕਿਸਾਨਾਂ ਦੀ ਹਰ ਖੇਤਰ ਵਿੱਚ ਅਗਵਾਈ ਕਰ ਰਹੀ ਹੈ। ਸਪੀਕਰ ਸੰਧਵਾਂ ਨੇ ਕਿਹਾ ਕਿ ਦੁਨੀਆ ਦਾ ਸਭ ਤੋਂ ਉੱਤਮ ਕਿੱਤਾ ਖੇਤੀ ਨੂੰ ਮੰਨਿਆ ਗਿਆ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤੀ ਦੇ ਨਾਲ ਨਾਲ ਐਗਰੀ ਬਿਜਨਸ ਵੱਲ ਵੀ ਆਪਣਾ ਕਦਮ ਵਧਾਉਣ ਤਾਂ ਜੋ ਪੰਜਾਬ ਨੂੰ ਹੋਰ ਤਰੱਕੀ ਵੱਲ ਲਿਜਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਸ਼ੋਸ਼ਲ ਮੀਡੀਆ ’ਤੇ ਬਹੁਤ ਸਾਰੇ ਲੋਕ ਫਸਲਾਂ ਸਬੰਧੀ ਜਾਣਕਾਰੀ ਦੇ ਰਹੇ ਹਨ, ਪਰ ਉਨ੍ਹਾਂ ਨੂੰ ਪਾਸੇ ਰੱਖ ਕੇ ਪੀ.ਏ.ਯੂ. ਦੇ ਖੇਤੀ ਮਾਹਿਰਾਂ ਦੀ ਸਲਾਹ ਲਈ ਜਾਵੇ। ਉਨ੍ਹਾਂ ਕਿਸਾਨਾਂ ਨੂੰ ਖੇਤੀ ਵਿਭਿੰਨਤਾ ਅਪਣਾ ਕੇ ਆਪਣੀ ਫਸਲ/ਉਪਜ ਦਾ ਪੂਰਾ ਮੁੱਲ ਲੈਣ ਲਈ ਖੇਤੀ ਅਧਾਰਿਤ ਲਘੂ ਉਦਯੋਗ ਸਥਾਪਿਤ ਕਰਨ ਦਾ ਵੀ ਸੱਦਾ ਦਿੰਦਿਆਂ ਕਿਹਾ ਕਿ ਇਸ ਕੰਮ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਪੰਜਾਬ ਸਰਕਾਰ ਕਿਸਾਨਾਂ ਦੀ ਰਹਿਨੁਮਾਈ ਤੇ ਹਰ ਤਰ੍ਹਾਂ ਦੀ ਮੱਦਦ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮਿਹਨਤਕਸ਼ ਲੋਕਾਂ ਕਰਕੇ ਇਸ ਦਾ ਭਵਿੱਖ ਵੀ ਸੁਨਿਹਰੀ ਹੋਵੇਗਾ। ਇਸ ਮੌਕੇ ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਕੀਤੇ ਵਿਕਾਸ ਦੇ ਕੰਮਾਂ ਸਬੰਧੀ ਵੀ ਜਾਣਕਾਰੀ ਦਿੱਤੀ। ਵਿਧਾਇਕ ਗੁਰਦਿਤ ਸਿੰਘ ਸੇਖੋਂ ਨੇ ਇਸ ਮੌਕੇ ਕਿਹਾ ਕਿ ਕਿਸਾਨ ਮੇਲਿਆਂ ਰਾਹੀਂ ਕਿਸਾਨਾਂ ਨੂੰ ਖੇਤੀ ਸਬੰਧੀ ਵਿਗਿਆਨਕ ਤਰੀਕੇ, ਫਸਲਾਂ ਦੀ ਸੰਭਾਲ, ਜ਼ਰੂਰੀ ਖਾਦਾਂ, ਬੀਜਾਂ ਦੀ ਚੋਣ ਅਤੇ ਕੀੜੇ-ਮਕੌੜਿਆਂ ਤੋਂ ਬਚਾਅ ਬਾਰੇ ਵਿਸਥਾਰ ਨਾਲ ਜਾਣਕਾਰੀ ਮਿਲਦੀ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਹਰ ਸਾਲ ਵੱਡੇ ਪੱਧਰ ’ਤੇ ਆਯੋਜਿਤ ਕੀਤੇ ਜਾਣ ਵਾਲੇ ਕਿਸਾਨ ਮੇਲੇ ਕਿਸਾਨਾਂ ਲਈ ਇੱਕ ਮੰਚ ਵਜੋਂ ਕੰਮ ਕਰਦੇ ਹਨ, ਜੋ ਖੇਤੀ ਵਿੱਚ ਆਉਣ ਵਾਲੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਵੀ ਬਹੁਤ ਮੱਦਦਗਾਰ ਸਾਬਤ ਹੁੰਦੇ ਹਨ। ਉਨ੍ਹਾਂ ਕਿਹਾ ਕਿ ਹੁਣ ਕਿਸਾਨ ਵੱਡੀ ਗਿਣਤੀ ਵਿੱਚ ਕਿਸਾਨ ਮੇਲਿਆਂ ਵਿੱਚ ਪਹੁੰਚ ਕੇ ਵਿਗਿਆਨੀਆਂ ਨਾਲ ਸੰਪਰਕ ਕਰਕੇ ਆਪਣੀ ਖੇਤੀ ਨੂੰ ਲਾਭਕਾਰੀ ਬਣਾ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਨੇ ਸਾਉਣੀ ਦੀਆਂ ਫਸਲਾਂ ਦੀਆਂ ਨਵੀਆਂ ਕਿਸਮਾਂ, ਖੇਤੀ ਬਾਰੇ ਤਕਨੀਕੀ ਨੁਕਤੇ, ਮੰਡੀਕਰਨ ਅਤੇ ਭਵਿੱਖ ਲਈ ਕੀਤੇ ਜਾ ਰਹੀ ਖੋਜ ਕਾਰਜਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਕਿਸਾਨਾਂ ਦੀਆਂ ਖੇਤੀ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਕਿਸਾਨ ਮੇਲੇ ਕਿਸਾਨਾਂ ਅਤੇ ਖੇਤੀ ਮਾਹਿਰਾਂ ਨੂੰ ਇੱਕ ਮੰਚ ’ਤੇ ਇੱਕਠੇ ਹੋਣ ਦਾ ਸੁਨਿਹਰੀ ਮੌਕਾ ਪ੍ਰਦਾਨ ਕਰਦੇ ਹਨ। ਇਸ ਮੌਕੇ ਡਾ. ਗੁਰਦੇਵ ਸਿੰਘ ਖੁਸ਼ ਨੇ ਪੀ.ਏ.ਯੂ ਮਾਹਿਰਾਂ ਵੱਲੋਂ ਸਬਜੀਆਂ ਅਤੇ ਫਲਾਂ ਦੀਆਂ ਫਸਲਾਂ ਤੇ ਕੀਤੀ ਜਾ ਰਹੀ ਖੋਜ ’ਤੇ ਤਸੱਲੀ ਪ੍ਰਗਟ ਕਰਦਿਆਂ ਕਿਹਾ ਕਿ ਇਸ ਨਾਲ ਖੇਤੀ ਵਿਭਿੰਨਤਾ ਨੂੰ ਹੁਲਾਰਾ ਮਿਲੇਗਾ। ਉਨ੍ਹਾਂ ਕਿਹਾ ਕਿ ਕਿਸਾਨ ਜੋ ਖੇਤੀ ਕਰਕੇ ਆਪਣੀ ਜਿਣਸ ਬਾਹਰਲੇ ਮੁਲਕਾਂ ਵਿੱਚ ਭੇਜ ਰਹੇ ਹਨ ਜੇ ਉਹ ਖੁਦ ਇਸ ਨਾਲ ਆਪਣਾ ਬਿਜਨਸ ਕਰਨ ਤਾਂ ਇਸ ਦੇ ਨਾਲ ਜਿੱਥੇ ਉਨ੍ਹਾਂ ਨੂੰ ਬਹੁਤ ਮੁਨਾਫਾ ਮਿਲੇਗਾ, ਉੱਥੇ ਬੇਰੁਜਗਾਰਾਂ ਨੂੰ ਵੀ ਰੁਜਗਾਰ ਦੇ ਮੌਕੇ ਪ੍ਰਦਾਨ ਹੋਣਗੇ। ਇਸ ਮੌਕੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ, ਡਾ ਤਰਸੇਮ ਸਿੰਘ ਢਿੱਲੋਂ ਅਪਰ ਨਿਰਦੇਸ਼ਕ ਪਸਾਰ ਸਿੱਖਿਆ, ਕੁਲਦੀਪ ਸਿੰਘ ਨਿਰਦੇਸ਼ਕ ਖੇਤਰੀ ਖੋਜ ਕੇਂਦਰ ਆਦਿ ਨੇ ਵੀ ਕਿਸਾਨਾਂ ਨਾਲ ਸਾਉਣੀ ਦੀਆਂ ਫਸਲਾਂ ਸਬੰਧੀ ਜਾਣਕਾਰੀਆਂ ਸਾਂਝੀਆਂ ਕੀਤੀਆਂ। ਇਸ ਮੌਕੇ ਮੰਚ ਸੰਚਾਲਨ ਦੀ ਭੂਮਿਕਾ ਡਾ. ਤੇਜਿੰਦਰ ਸਿੰਘ ਰਿਆੜ ਅਪਰ ਨਿਰਦੇਸ਼ਕ ਸੰਚਾਰ ਪੀ.ਏ.ਯੂ. ਨੇ ਨਿਭਾਈ। ਇਸ ਮੇਲੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ। ਇਸ ਮੌਕੇ ਕਿਸਾਨਾਂ ਲਈ ਬੀਜ਼ ਤੇ ਸਬਜੀਆਂ ਦੇ ਸਟਾਲ ਵੀ ਲਾਏ ਗਏ।

## ਨਾਮਵਰ ਸਿੱਖਿਆ ਸ਼ਾਸਤਰੀ ਡਾ. ਸੈਟੀ ਪੇਂਡਾਕੁਰ ਨਮਿੱਤ ਭੋਗ ਤੇ ਅੰਤਿਮ ਅਰਦਾਸ 26 ਮਾਰਚ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਵੈਨਕੂਵਰ, 20 ਮਾਰਚ : ਦੱਖਣੀ ਏਸ਼ੀਆਈ ਭਾਈਚਾਰੇ ਦੇ ਮੋਢੀ ਆਗੂ, ਯੂਨੀਵਰਸਿਟੀ ਆਫ਼ ਬ੍ਰਿਟਿਸ਼ ਕੋਲੰਬੀਆ (UBC) ਦੇ ਸਾਬਕਾ ਪ੍ਰੋਫੈਸਰ ਅਤੇ ਵੈਨਕੂਵਰ ਸਿਟੀ ਕੌਂਸਲ ਦੇ ਪਹਿਲੇ ਭਾਰਤੀ ਮੈਂਬਰ ਡਾ. ਸੈਟੀ ਪੇਂਡਾਕੁਰ ਬੀਤੇ ਦਿਨੀ ਸਦੀਵੀ ਵਿਛੋੜਾ ਦੇ ਗਏ। ਉਹਨਾਂ ਦੇ ਅਚਾਨਕ ਹੋਏ ਦਿਹਾਂਤ ਨਾਲ ਵੈਨਕੂਵਰ ਦੇ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ।

ਡਾ. ਪੇਂਡਾਕੁਰ ਦੀ ਯਾਦ ਵਿੱਚ ਅਤੇ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਅਤੇ ਅੰਤਿਮ ਅਰਦਾਸ 26 ਮਾਰਚ 2026, ਦਿਨ ਵੀਰਵਾਰ ਨੂੰ ਦੁਪਹਿਰ 1:00 ਵਜੇ ਗੁਰਦੁਆਰਾ ਅਕਾਲੀ ਸਿੰਘ ਸਿੱਖ ਸੁਸਾਇਟੀ (1890 ਸਕੀਨਾ ਸਟਰੀਟ) ਵੈਨਕੂਵਰ ਵਿਖੇ ਹੋਵੇਗੀ।

ਅਕਾਲੀ ਸਿੰਘ ਸਿੱਖ ਸੋਸਾਇਟੀ ਵੈਨਕੂਵਰ ਵੱਲੋਂ ਸਮੂਹ ਭਾਈਚਾਰੇ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਦੁਖਦਾਈ ਘੜੀ ਵਿੱਚ ਪਰਿਵਾਰ ਨਾਲ ਸ਼ਰੀਕ ਹੋਣ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵੱਧ ਤੋਂ ਵੱਧ ਸੰਖਿਆ ਵਿੱਚ ਪਹੁੰਚਣ। ਦੱਸਣਯੋਗ ਹੈ ਕਿ ਡਾ. ਪੇਂਡਾਕੁਰ ਨੇ ਜਿੱਥੇ ਰਾਜਨੀਤੀ ਅਤੇ ਸਿੱਖਿਆ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ, ਉੱਥੇ ਹੀ ਅਕਾਲੀ ਸਿੰਘ ਗੁਰਦੁਆਰਾ ਸਾਹਿਬ ਦੀ ਉਸਾਰੀ ਅਤੇ ਸੇਵਾਵਾਂ ਵਿੱਚ ਵੀ ਉਹਨਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ।

ਇਸ ਸਬੰਧੀ ਹੋਰ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਫੋਨ ਨੰਬਰ 604-254-2117 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ ਦਾ ਛੇਵਾਂ ਸੱਭਿਆਚਾਰਕ ਮੇਲਾ ਯਾਦਗਾਰੀ ਹੋ ਨਿਬੜਿਆ:- ਲੋਕ ਗਾਇਕ ਰਾਣਾ ਕੰਮੇਆਣਾ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ

ਫ਼ਰੀਦਕੋਟ 20 ਮਾਰਚ : ਅੱਜ ਮਹਰੂਮ ਲੋਕ ਗਾਇਕ ਕਰਤਾਰ ਰਮਲਾ ਜੀ ਦਾ ਛੇਵਾਂ ਸੱਭਿਆਚਾਰਕ ਮੇਲਾ , ਜੋ ਕਿ ਨਵੀ ਦਾਣਾ ਮੰਡੀ ਫ਼ਰੀਦਕੋਟ ਵਿਖੇ ਯਾਦਗਾਰੀ ਹੋ ਨਿਬੜਿਆ। ਇਸ ਵਿੱਚ ਪੰਜਾਬ ਦੇ ਉੱਚਕੋਟੀ ਦੇ ਲੋਕ ਗਾਇਕਾ ਨੇ ਆਪਣੇ ਖੂਬਸੂਰਤ ਗੀਤਾਂ ਨਾਲ ਹਾਜਰੀ ਲਗਵਾਈ। ਜਿਨਾਂ ਵਿੱਚ ਪੰਜਾਬ ਦੇ ਚਰਚਿਤ ਲੋਕ ਗਾਇਕ ਤੇ ਅਦਾਕਾਰ ਜਨਾਬ ਮੁਹੰਮਦ ਸਦੀਕ ਜੀ ਤੇ ਸੁਖਜੀਤ ਕੌਰ ਦੀ ਜੋੜੀ ਨੇ ਬਾਕਮਾਲ ਖੂਬਸੂਰਤ ਗੀਤਾਂ ਨਾਲ ਕਲਾ ਪ੍ਰੇਮੀਆਂ ਦੇ ਦਿਲ ਤੇ ਵਿਲੱਖਣ ਛਾਪ ਛੱਡੀ। ਏਸੇ ਤਰਾਂ ਪੰਜਾਬੀ ਦੇ ਮਾਣਮੱਤੇ ਲੋਕ ਗਾਇਕ ਰਾਣਾ ਕੰਮੇਆਣਾ ਜੀ ਨੇ ਆਪਣੀ ਬੁਲੰਦ ਦਮਦਾਰ ਆਵਾਜ ਵਿੱਚ “ਮਿਰਜਾ” ਗਾਇਆ ਤਾਂ ਸਰੋਤਿਆ ਦੇ ਪੈਰ ਧਿਰਕਣ ਲੱਗ ਪਏ।



ਏਨਾਂ ਤੋ ਇਲਾਵਾਂ ਲੋਕ ਗਾਇਕ ਹਰਿੰਦਰ ਸੰਧੂ ਤੇ ਅਮਨ ਧਾਲੀਵਾਲ, ਭਿੰਦੇ ਸਾਹ ਰਾਜੋਵਾਲੀਆਂ, ਐਸ ਕੌਰ, ਕੁਲਵਿੰਦਰ ਕੰਵਲ ਤੇ ਸਪਨਾ ਕੰਵਲ, ਮੈਡੀ ਕਾਲੜਾ, ਹਰਪ੍ਰੀਤ ਵਿੱਕੀ ਤੇ ਜਸਪ੍ਰੀਤ ਕੌਰ, ਬੀ.ਐੱਸ ਭੱਟੀ ਤੇ ਜਸਨਪ੍ਰੀਤ , ਰਾਜਾ ਮਰਖਈ ਤੇ ਦੀਪ ਕਿਰਨ, ਬਲਵਿੰਦਰ ਬੱਬੀ ਤੇ ਕੌਰ ਪੂਜਾ, ਗੁਰਤੇਜ ਜਿੰਦ , ਬਲਦੇਵ ਲਹਿਰੀ ,ਆਦਿ ਤੋ ਇਲਾਵਾ ਮੇਲੇ ਵਿਚ ਪ੍ਰਸਿੱਧ ਗੀਤਕਾਰ ਜਸਵੰਤ ਬੋਪਾਰਾਏ,ਗੀਤਕਾਰ ਜੀਤ ਕੰਮੇਅਣਾ, ਗੀਤਕਾਰ ਸੁਖਵੰਤ ਕਿੰਗਰਾ, ਲੱਕੀ ਕੰਮੇਆਣਾ, ਪ੍ਰਸਿੱਧ ਪੱਤਰਕਾਰ ਗੁਰਬਾਜ ਗਿੱਲ, ਪੱਤਰਕਾਰ ਧਰਮ ਪ੍ਰਵਾਨਾ, ਪੱਤਰਕਾਰ ਲਖਵਿੰਦਰ ਹਾਲੀ, ਪੱਤਰਕਾਰ ਰਾਜੇਸ਼ ਬਾਗੜੀ , ਪੱਤਰਕਾਰ ਗਗਨ ਰਫਤਾਰ ਨਿਊਜ਼, ਅਦਾਕਾਰ ਬੱਬੀ ਪੰਜਗਰਾਈ, ਬਾਲ ਅਦਾਕਾਰ ਨਵਜੋਤ, ਮੇਲਾ ਟੀ.ਵੀ ਤੋ ਜਗਦੇਵ ਟਹਿਣਾ ਲਾਈਵ ਟੈਲੀਕਾਸਟ ਕਰ ਰਹੇ ਸਨ।

ਵਿਸੇਸ਼ ਤੌਰ ਤੇ ਮੇਲੇ ਵਿਚ ਪਹੁੰਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ ਕੁਲਤਾਰ ਸਿੰਘ ਜੀ ਸੰਧਵਾਂ, ਜਿਲਾ ਪ੍ਰਧਾਨ ਤੇ ਜਿਲਾ ਯੋਜਨਾ ਬੋਰਡ ਕਮੇਟੀ ਦੇ ਚੇਅਰਮੈਨ ਸ੍ਰ ਗੁਰਤੇਜ ਸਿੰਘ ਖੋਸਾ ਜੀ । ਇਸ ਸਮੇ ਮੇਲਾ ਕਮੇਟੀ ਪ੍ਰਧਾਨ ਪ੍ਰਿੰਸੀਪਲ ਜਰਨੈਲ ਸਿੰਘ ਭੋਡੀਪੁਰਾ ਜੀ ਨੇ ਸਭ ਨੂੰ ਜੀ ਆਇਆ ਕਿਹਾ । ਇਸ ਮੇਲਾ ਤੇ ਮੰਚ ਸੰਚਾਲਕ ਵਜੋ ਪੰਜਾਬ ਦੀ ਦੁਨੀਆ ਭਰ ਵਿੱਚ ਵਿਲੱਖਣ ਪਛਾਣ ਬਣਾਉਣ ਵਾਲੀ ਪ੍ਰਸਿੱਧ ਸਾਇਰਾ ਸੁਖਜੀਤ ਕੌਰ ਗਰਚਾ ਨੇ ਬਾਕਮਾਲ ਖੂਬਸੂਰਤ ਸ਼ਾਇਰੀ ਨੇ ਸਭ ਮਨ ਮੋਹ ਲਿਆ। ਕਾਲਾ ਸਾਊਂਡ ਸਿਸਟਮ ਬਹੁਤ ਵਧੀਆ ਸੀ । ਆਖਿਰ ਵਿਚ ਮੇਲੇ ਦੀ ਸਰਪ੍ਰਸਤ ਲੋਕ ਗਾਇਕਾ ਨਵਜੋਤ ਕੌਰ ਜੀ ਨੇ ਮੇਲੇ ਤੇ ਪਹੁੰਚਣ ਤੇ ਸਭ ਦਾ ਧੰਨਵਾਦ ਕੀਤਾ ਅਤੇ ਆਏ ਹੋਏ ਲੋਕ ਗਾਇਕਾ ਦਾ ਸਨਮਾਨ ਚਿੰਨ ਦੇ ਕੇ ਸਨਮਾਨ ਕੀਤਾ।

## ਕੈਨੇਡਾ ਵਿੱਚ ਨਸ਼ਿਆਂ ਖ਼ਿਲਾਫ਼ ਬਲਵਿੰਦਰ ਸਿੰਘ ਕਾਹਲੋਂ ਦੀ ਮਹਾਂ- ਯਾਤਰਾ ਲਗਾਤਾਰ ਜਾਰੀ ਰਹਿਣਾ ਸ਼ਲਾਘਾ ਯੋਗਃ ਪ੍ਰੋ. ਗੁਰਭਜਨ ਸਿੰਘ ਗਿੱਲ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 20 ਮਾਰਚ : ਨਸ਼ਿਆਂ ਖ਼ਿਲਾਫ਼ ਕੈਲਗਰੀ(ਕੈਨੇਡਾ) ਦੀ ਡਰੱਗ ਅਵੇਅਰਨੈੱਸ ਫਾਉਂਡੇਸ਼ਨ ਵੱਲੋਂ ਮਈ ਮਹੀਨੇ ਦੇ ਦੂਸਰੇ ਐਤਵਾਰ ਨੂੰ ਪੰਜ ਕਿਲੋਮੀਟਰ ਲੰਮੀ ਯਾਤਰਾ ਹੋ ਰਹੀ ਹੈ ਹਰ ਸਾਲ ਵਾਂਗ। ਇਹ ਜਾਣਕਾਰੀ ਅੱਜ ਲੁਧਿਆਣਾ ਦੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਸ. ਬਲਵਿੰਦਰ ਸਿੰਘ ਕਾਹਲੋਂ ਨੇ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੂੰ ਇਸ ਯਾਤਰਾ ਵਿੱਚ ਸ਼ਾਮਲ ਹੋਣ ਲਈ ਸੱਦਾ ਦੇਣ ਉਪਰੰਤ ਵਿਚਾਰ ਵਟਾਂਦਰਾ ਕਰਦਿਆਂ ਦਿੱਤੀ। ਇਸ ਮੌਕੇ ਡਰੱਗ ਅਵੇਅਰਨੈੱਸ ਫਾਉਂਡੇਸ਼ਨ ਵੱਲੋਂ ਜਾਰੀ ਪੋਸਟਰ ਪ੍ਰੋ. ਸੁਖਵੰਤ ਸਿੰਘ ਗਿੱਲ ਬਟਾਲਾ, ਪ੍ਰਿੰਸੀਪਲ ਕੁਲਵੰਤ ਕੌਰ ਗਿੱਲ, ਪ੍ਰੋ. ਗੁਰਭਜਨ ਸਿੰਘ ਗਿੱਲ, ਜਸਵਿੰਦਰ ਕੌਰ ਤੇ ਰਾਣੀ ਗੁਰਸ਼ਰਨ ਕੌਰ ਸਿਡਨੀ(ਆਸਟ੍ਰੇਲੀਆ)ਨੇ ਲੋਕ ਅਰਪਣ ਕੀਤਾ।

ਸ. ਬਲਵਿੰਦਰ ਸਿੰਘ ਕਾਹਲੋਂ ਆਪਣੀ ਇੱਕ ਮਹੀਨਾ ਪੰਜਾਬ ਰਹਿ ਕੇ ਅੱਜ ਕੈਲਗਰੀ ਵਾਪਸ ਪਰਤ ਰਹੇ ਹਨ। ਨਾਨੋਹਾਰਨੀ(ਗੁਰਦਾਸਪੁਰ) ਦੇ ਜੰਮਪਲ,ਸਰਾਭਾ ਨਗਰ ਲੁਧਿਆਣਾ (ਹੁਣ ਕੈਲਗਰੀ)ਵਾਸੀ ਮਿੱਤਰ ਬਲਵਿੰਦਰ ਸਿੰਘ ਕਾਹਲੋਂ।

1985 ਤੋਂ ਕੈਨੇਡਾ ਵਿੱਚ ਰਹਿ ਰਹੇ ਹਨ। ਪੰਜਾਬ ਰਹਿੰਦਿਆਂ ਉਹ ਭੰਗੜੇ ਦੇ ਅੰਤਰ ਰਾਸ਼ਟਰੀ ਕਲਾਕਾਰ ਹੋਣ ਕਾਰਨ 1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਦੇ ਉਦਘਾਟਨੀ ਸਮਾਗਮ ਵਿੱਚ ਪੇਸ਼ ਭੰਗੜਾ ਟੀਮ ਦੇ ਕੋਚਾਂ ਦੇ ਪੈਨਲ ਵਿੱਚ ਸਨ ਅਤੇ ਪ੍ਰਸਿੱਧ ਵਕੀਲ ਸਨ।

ਬਲਵਿੰਦਰ ਕਾਹਲੋਂ ਅੱਜ ਵੀ ਕੈਨੇਡਾ ਵਿੱਚ ਨਸ਼ਿਆਂ ਦੇ ਖਿਲਾਫ ਮਹਾਂ ਸੰਗਰਾਮ ਛੇੜੀ ਬੈਠਾ ਹੈ। ਨਸ਼ਿਆਂ ਦੇ ਖਾਤਮੇ ਲਈ ਕੈਨੇਡਾ ਵਿੱਚ ਉਹ 2010 ਵਿੱਚ ਇੱਕ ਸਿਰੇ ਤੋਂ ਦੂਜੇ ਸਿਰੇ ਤੀਕ ਲੰਮੀ ਪੈਦਲ ਮਹਾਂ ਯਾਤਰਾ ਕਰ ਚੁਕਾ ਹੈ। ਜੀ ਜੀ ਐਨ ਖਾਲਸਾ ਕਾਲਜ ਲੁਧਿਆਣਾ ਅਤੇ ਰਾਮਗੜ੍ਹੀਆ ਕਾਲਜ ਫਗਵਾੜੇ ਤੋਂ ਗਰੈਜੂਏਸ਼ਨ ਕਰਕੇ ਉਸ ਡੀ ਏ ਵੀ ਕਾਲਜ ਦੇਹਰਾਦੂਨ ਵਿੱਚੋਂ ਲਾਅ ਕੀਤਾ।

ਬਲਵਿੰਦਰ ਕਾਹਲੋਂ ਵਿਸ਼ਵ ਵਿਚ ਵਸਦੇ ਪੰਜਾਬੀਆਂ ਨੂੰ ਇਹੀ ਸੁਨੇਹਾ ਦੇ ਰਿਹਾ ਹੈ ਕਿ ਨਸ਼ਿਆਂ ਵਰਗੇ ਇਸ ਕੋਹੜ ਤੋਂ ਮੁਕਤੀ ਲਈ ਪੰਜਾਬੀ ਕਿਉਂ ਨਹੀਂ ਜਾਗਦਾ?ਮਗਰੋਂ ਨਸ਼ਾਬੰਦੀ ਇਲਾਜ ਕੈਂਪ ਕਰਨ ਦੀ ਥਾਂ ਇਸ ਕੋਹੜ ਦੀ ਪੇਸ਼ਬੰਦੀ ਕਿਉਂ ਨਾ ਕੀਤੀ ਜਾਵੇ। ਪ੍ਰੋ. ਸੁਖਵੰਤ ਸਿੰਘ ਗਿੱਲ ਨੇ ਉਨ੍ਹਾਂ ਵੱਲੋਂ ਕੀਤੀ ਜਾ ਰਹੀ ਨਿਰੰਤਰ ਕੋਸ਼ਿਸ਼ ਨਾਲ ਉਹ ਪੂਰੇ ਪੰਜਾਬੀਆਂ ਲਈ ਨਸ਼ਿਆਂ ਵਿਰੁੱਧ ਯਤਨਾਂ ਦੇ ਚਾਨਣ ਮੁਨਾਰੇ ਬਣ ਗਏ ਹਨ।

ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਬਲਵਿੰਦਰ ਕਾਹਲੋਂ ਵੱਲੋਂ ਦਿੱਤੇ ਸੱਦੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪੂਰੀ ਕੋਸ਼ਿਸ਼ ਕਰਨਗੇ ਕਿ ਇਸ ਯਾਤਰਾ ਵਿੱਚ ਸ਼ਾਮਿਲ ਹੋਇਆ ਜਾਵੇ। ਪਰ ਜੇ ਨਾ ਸੰਭਵ ਹੋਇਆ ਤਾਂ ਉਹ ਸਾਥੀਆਂ ਸਮੇਤ ਲੁਧਿਆਣਾ ਵਿੱਚ ਕੋਈ ਵਿਸ਼ੇਸ਼ ਸਰਗਰਮੀ ਕਰਕੇ ਇੱਕਮੁੱਠਤਾ ਦਾ ਪ੍ਰਗਟਾਵਾ ਕਰਨਗੇ। ਉਨ੍ਹਾਂ ਕਿਹਾ ਕਿ ਸਾਲ 2012 ਵਿੱਚ ਬਲਵਿੰਦਰ ਕਾਹਲੋਂ ਨਾਲ ਮਿਲ ਕੇ ਨਸ਼ਿਆਂ ਵਿਰੁੱਧ ਯਾਤਰਾ ਡੇਹਾ ਬਾਬਾ ਨਾਨਕ ਤੋਂ ਅਰਦਾਸ ਕਰਕੇ ਚੰਡੀਗੜ੍ਹ ਤੀਕ ਮੁਕੰਮਲ ਕੀਤੀ ਸੀ।

# ਸਹਾਰਾ




ਵੀਰੋ ਦਾ ਘਰਵਾਲਾ, ਹਰਬੰਸ ( ਬੰਸਾਂ )ਟਰੱਕ ਡਰਾਇਵਰੀ ਦਾ ਕੰਮ ਕਰਦਾ ਜਦੋ ਬੰਸਾਂ ਮਹੀਨਾ ਭਰ ਕੁ ਘਰ ਨਾ ਆਉਂਦਾ, ਤਾਂ ਵੀਰੋ ਕੋਠੇ ਚੜ ਚੜ ਕੇ ਉਹਦੇ ਰਾਹ ਵੇਖਦੀ ਹੋਈ ਉਡੀਕਦੀ ਰਹਿੰਦੀ...ਉਸ ਬਗੈਰ ਘਰ ਵੱਢ ਖਾਣ ਨੂੰ ਆਉਂਦਾ, ਗੱਲਾਂ ਗੱਲਾਂ ਵਿੱਚ ਆਪਣੇ ਸੱਸ

ਦਿਆਲੁ ਬੇਬੇ ਨੂੰ ਸੁਣਾਉਂਦੀ ਰਹਿੰਦੀ, ਕਿ ਇਸ ਘਰ ਵਿੱਚ ਤਾਂ....ਕਿਸੇ ਨੂੰ, ਬੰਦੇ ਦੀ ਭੋਰਾ ਭਰ ਵੀ ਕਦਰ ਨਹੀ, ਕੋਈ ਮਰੇ, ਕੋਈ ਜੀਵੇ, ਖੁਸਰਾ ਘੋਲ ਘੋਲ ਪਤੀਸੇ ਪੀਵੇ

ਅੱਜ ਮਹੀਨੇ ਤੋ ਉੱਪਰ ਹੋ ਗਿਆ ਏ, ਗੋਲੂ ਦੇ ਭਾਪੇ ਨੂੰ ਘਰੋਂ ਨਿਕਲੇ ਨੂੰ... ਕੋਈ ਫ਼ਿਕਰ ਪ੍ਰਵਾਹ ਹੀ ਨਹੀ, ਕਿ ਕੋਈ ਪਿੱਛੇ ਵੀ ਆ.....

ਵੀਰੋ ਦੀਆਂ ਇਹੋ ਗੱਲਾਂ ਸੁਣ, ਬਾਸੇ ਦੀ ਬੇਬੇ ਦਿਆਲੁ ਨੇ ਕਹਿਣਾ, ਭਾਈ ਕੁੜੀਏ.....ਡਰਾਇਵਰ ਤੇ ਉਠ ਇੱਕ ਹੀ ਨਸਲ ਦੇ ਹੁੰਦੇ ਆ, ਇਹਨਾਂ ਦਾ ਜਿਧਰ ਨੂੰ ਮੂੰਹ ਹੋ ਗਿਆ, ਬਸ ਇਹ ਉਧਰ ਨੂੰ ਹੀ ਲੰਘ ਜਾਂਦੇ ਆ, ਚੱਲ ਕੋਈ ਫਿਕਰ ਨਾ ਕਰਿਆ ਕਰ, ਕਮਲੀ ਏ, ਕਿਹਦਾ ਦਿਲ ਕਰਦਾ ਹੁੰਦਾ ਵਾ, ਆਪਣੇ ਪਰਿਵਾਰ ਛੱਡਣ ਨੂੰ, ਹੌਂਸਲਾ ਰੱਖ

ਐਵੇਂ ਨਹੀਂ ਦਿਲ ਛੱਡੀ ਦਾ....ਵਾਹਿਗੁਰੂ ਭਲੀ ਕਰੇਗਾ,

ਪਿੰਡ ਦੇ ਸੱਥ-ਦਰਵਾਜ਼ੇ ‘ਚ ਬਹਿਣ ਵਾਲੇ ਮਨਚੱਲੇ ਹੋਰਾਂ ਦੀ ਥਾਲੀ ‘ਚ ਝਾਕਣ ਵਾਲੇ ਮਾੜੀ ਨੀਤ ਦੇ ਮਾਲਕ, ਜਦੋ ਵੀ ਬੰਸੇ ਤੇ ਵੀਰੋ ਦੀ ਜੋੜੀ ਨੂੰ ਕਿਤੇ ਆਉਦੇ ਜਾਂਦਿਆਂ ਨੂੰ ਵੇਖਦੇ ਸਨ... ਤਾਂ ਹੌਕੇ ਜਿਹੇ ਭਰਦੇ ਹੋਏ ਕਹਿੰਦੇ, ਰਹਿੰਦੇ, ਲਗਦਾ ਏ......ਬੰਸੇ ਨੇ ਤਾਂ ਬਾਈ...ਪਿੱਛਲੇ ਜਨਮਾਂ ‘ਚ ਕੋਈ ਮੋਤੀ ਦਾਨ ਕਰੇ ਹੋਣਗੇ, ਤਾਂਹੀਓ, ਇਹਨੂੰ ਪਰੀਆਂ ਵਰਗੀ ਘਰਵਾਲੀ ਮਿਲੀ ਏ...ਕਿਸੇ ਫਿਲਮੀ ਹੀਰੋਣ ਨਾਲ ਘੱਟ ਨਹੀ ਦਿੱਸਦੀ...ਵੇਖੋਓ ਤਾਂ ਸਹੀ...ਕਿੱਵੇ ਮੋਰਨੀ ਵਾਂਗ ਪੈਲਾ ਪਾਉਦੀ ਜਾਹ ਰਹੀ ਏ, ਬੁੱਜੜ ਜਿਹੇ ਦੇ ਪਿੱਛੇ ਪਿੱਛੇ... ਕਿੱਕਰ ਦੇ ਜਾਤੂ ਦੀ ਤਾਂ... ਲਾਟਰੀ ਹੀ ਲਗ ਗਈ, ਇਹ ਸਭ ਕਰਮਾਂ ਦੀ ਖੇਲ ਏ, ਬਾਈ......

ਇੱਕ ਦਿਨ ਐਸੀ ਅਣਹੋਣੀ ਹੋਈ...ਸੜਕ ਹਾਸਦੇ ਵਿੱਚ ਬੰਸਾਂ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਿਆ, ਆਪਣੇ ਪਿੱਛੇ ਘਰ ਵਾਲੀ ਵੀਰੋ ਤੇ ਦੋ ਕੁ ਸਾਲ ਦਾ ਮੁੰਡਾ ਗੋਲੂ, ਅਤੇ ਆਪਣੀ ਬੁੱਢੀ ਮਾਂ ਨੂੰ ਪਤਾ ਨਹੀ ਕਿਹਦੇ ਸਹਾਰੇ ਛੱਡ, ਸਦਾ ਦੇ ਲਈ ਦੁਨੀਆ ਤੋ ਚਲਾ ਗਿਆ .....! ਜਵਾਨੀ ਦੇ ਸ਼ਿਖਰ-ਦੁਪਹਿਰ ਵੀਰੋ ਦੇ ਸਿਰ ਤੇ ਚਿੱਟੀ ਚੁੰਨੀ ਆ ਗਈ, ਆਪਣੇ ਘਰ ਵਾਲੇ ਦੇ ਜਾਣ ਤੋ ਬਾਅਦ ਵੀਰੋ ਨੂੰ ਚਾਰੇ ਪਾਸੇ ਹਨੇਰ ਹੀ ਹਨੇਰ ਦਿਸਣ ਲੱਗਾ.....ਆਖ਼ਰ ਵਾਹਿਗੁਰੂ ਦਾ ਭਾਣਾ ਮੰਨ ਕੇ ਦਿਨ ਕੱਟੀਆਂ ,ਚ ਬਸੇਰੇ ਜਿਹੇ ਕਰਨ ਲੱਗੀ....ਜਵਾਨ, ਸੋਹਣੀ ਸੁਨੱਖੀ ਸਿਰ ਤੋ ਨੰਗੀ ਕੱਲੀ ਕਹਿਰੀ ਜ਼ਨਾਨੀ ਦੀ ਜਵਾਨੀ ਪਿੰਡ ਦੇ ਮੁਸ਼ਟੰਡਿਆਂ ਦੇ ਅੱਖਾਂ ‘ਚ ਰੜਕਣ ਲੱਗੀ,

ਭਾਣਾ ਵਰਤਿਆਂ ਵੇਖ ਕੇ ਤਾਂ ਇੰਜ ਲਗਦਾ ਸੀ, ਜਿਵੇਂ ਬੰਸੇ ਤੇ ਵੀਰੋ ਦੀ ਜੋੜੀ ਨੂੰ ਕਿਸੇ ਚੰਦਰੇ ਦੀ ਨਜ਼ਰ ਹੀ ਖਾ ਗਈ ਹੋਵੇ? ਬਦਨੀਤੇ ਜਿਹੇ ਬੰਦਿਆਂ ਨੂੰ ਜਿਵੇਂ ਮਸਾਂ ਹੀ ਮੌਕਾ ਮਿਲਿਆ ਹੋਵੇ, ਹੁਣ ਇਹ ਕੋਈ ਨਾ ਕੋਈ ...ਬਹਾਨਾ ਜਿਹਾ ਘੜ ਕੇ, ਇਹਨਾਂ ਨੇ ਹਰਬੰਸ ਬੰਸੇ ਦੇ ਘਰ ਆਉਣਾ ਜਾਣੇ ਜਿਹੇ ਸ਼ੁਰੂ ਕਰ ਦਿੱਤੇ, ਬੇਬੇ ਦਿਆਲੂ ਦੇ ਕੋਲ ਆ ਬਹਿ ਜਾਂਦੇ, ਤੇ ਕਹਿਣ ਲਗਦੈ... ਚਾਚੀ ਮੈਂ ਸੋਚਿਆ....ਕਿ ਖਬਰ-ਸਾਰ ਹੀ ਲੈ ਆਈਏ....ਕੱਲੇ ਕਹਿਰੇ ਬੰਦੇ ਦਾ ਵੀ ਕੀ ਜੀਣਾ ਹੁੰਦਾ ਵਾ.....ਚਾਚੀ, ਤੁਸੀ ਕਿਸੇ ਵੀ ਗੱਲ ਦਾ ਭੋਰਾ ਭਰ ਫਿਕਰ ਨਾ ਕਰਨਾ....ਜੋ ਭਾਣਾ ਵਰਤਣਾ ਸੀ ਓਹ ਤਾ ਵਰਤ ਗਿਆ, ਮਰਿਆ ਨਾਲ ਮਰ ਥੋੜ੍ਹਾ ਹੁੰਦਾ ਵਾ......ਸਬਰ ਹੀ ਕਰਨਾ ਪੈਣਾ ਏ,

ਮੈਂ ਹੈਗਾ ਵਾ ਅੱਧੀ ਰਾਤ ... ਹਾਕ ਮਾਰ ਦਿਓ....ਝੱਟ ਹਾਜਰ ਹੋ ਜਾਓ, ਚਾਚੀ, ਮੈਨੂੰ ਕਿਤੇ ਉਪਰਾ ਨਾ ਸਮਝਣਾ, ਮੈਂ ਕਿਹੜਾ ਬਿਗਾਨਾ ਉਪਰਾ ਬੰਦਾ ਆ, ਚਾਚੀ ਤੈਨੂੰ ਪਤਾ ਹੀ ਏ, ਚਾਚੇ ਰਤਨ ਨੇ ਸਾਡੀ ਨਿਆਈਂ ਵਾਲੀ ਜ਼ਮੀਨ ਦਸ ਪੰਦਰਾਂ ਸਾਲ ਠੇਕੇ ਤੇ ਵਾਹੀ ਸੀ, ਉਸ ਬਿਚਾਰੇ ਦੀ ਤਾ ਸਾਡੇ ਬਾਪੂ ਜੀ ਨਾਲ ਵਧੀਆ ਬਣਦੀ ਸੀ....

ਕੀ ਹੋਇਆ, ਜੇ ਰੱਬ ਨੇ ਤੁਹਾਡੇ ਤੇ ਵਕਤ ਪਾ ਦਿੱਤਾ....ਹੁਣ ਆਪਾਂ ਨੂੰ ਰਲ ਮਿਲਕੇ ਹੀ ਟਾਇਮ ਕੱਢਣਾ ਪੈਣਾ ਵਾ......ਨਾਲੇ ਚਾਚੀ.... ਭਰਜਾਈ ਨੂੰ ਵੀ ਦੱਸ ਦੇਣਾ, ਮੇਰੇ ਵਾਰੇ, ਕਿ ਇਹ ਮੁੰਡਾ ਤਾਂ.....ਆਪਣੇ ਘਰਾਂ ਚੋਂ ਐ......ਐਵੇਂ ਹੀ...ਨਾ ਮੇਰੇ ਕੋਲੋ ਸੰਗਿਆ ਸ਼ਰਮਾਇਆ ਜਿਹਾ ਕਰੇ....ਦੁੱਖ ਸੁੱਖ ਸਾਂਝਾ ਕਰ ਲਿਆ ਕਰੇ......ਦੁੱਖ ਤਾਂ ਵੰਡਿਆਂ ਤੋ ਹੀ ਘਟਦਾ ਵਾ, ਮੈਂ ਤਾ ਜਦੋ ਵੀਰੋ ਭਾਬੀ ਨੂੰ ਵੇਖਦਾ ਹਾਂ ਤਾਂ ਬਿਚਾਰੀ ਤੇ ਤਰਸ ਜਿਹਾ ਆ ਜਾਂਦਾ, ਰੱਬ ਦੀ ਕਰੀ ਨੂੰ ਕੌਣ ਟਾਲ ਸਕਦਾ ਵਾ, ਪਹਾੜ ਜਿੱਡੀ ਜ਼ਿੰਦਗੀ ਪਈ ਆ ਸਿਰ ਤੇ। ਸਮੇ ਨੂੰ ਵਿਚਾਰੋ ਓ, ਆਪਣੇ ਤਾਂ ਆਪਣੇ ਹੀ ਹੁੰਦੇ ਆ...ਬਿਗਾਨਿਆਂ ਦਾ ਕੀ ਕਹਿਣਾ, ਚਾਚੀ ਜੋ ਮੈ ਕਹਿਣਾ ਚਾਹੁੰਦਾ ਸਾਂ, ਕਹਿ ਦਿੱਤਾ, ਸ਼ਾਇਦ ਤੂੰ ਸਮਝ ਹੀ ਗਈ ਹੋਣੀ ਆ....ਆਖ਼ਰ ਕਾਰ ਤੂੰ ਵੀ ਸਿਆਣੀ ਏ, ਸਿਰ ਤੇ ਚਿੱਟੇ ਐਵੇਂ ਨਹੀਂ ਆਏ, ਆਪਣੀ ਇੱਜ਼ਤ ਆਪਣੀ ਹੱਥ ਹੁੰਦੀ ਆ, ਕੱਲੀ ਕਹਿਰੀ ਜ਼ਨਾਨੀ ਵੇਖ ਕੇ ਤਾਂ ਕਾਲੇ ਕਾਵਾਂ ਦੀਆਂ ਡਾਰਾਂ ਪਿੱਛੇ ਪਿੱਛੇ ਉੱਡ ਆਉਂਦੀਆਂ ਨੇ....ਉੱਪਰੋਂ ਜ਼ਮਾਨਾ ਤਾ ਵੇਖ ਚਾਚੀ, ਕਿਹੜਾ ਚਲਦਾ ਆ ਰਿਹਾ ਏ, ਜਿਸ ਦੀ ਧੀ ਭੈਣ ਐ, ਬਸ ਉਸ ਦੀ ਹੀ ਹੁੰਦੀ ਏ, ਗੈਰ ਤਾ ਆਪਣੇ ਮਨ ,ਚ ਨੇੜਤਾ ਦੇ ਬਿਸਤਰੇ ਵਿਛਾਉਣ ਦੀ ਸਕੀਮ ਵਿੱਚ ਰਹਿੰਦੇ ਆ.....

ਗੱਲਾਂ ਤਾਂ ਓਹ, ਵੀਰੋ ਦੀ ਸੱਸ ਮਤਲਬ ਦਿਆਲੂ ਚਾਚੀ ਨਾਲ ਕਰਦੇ ਰਹਿੰਦੇ, ਪਰ ਗੱਲਾਂ ਬਾਤਾਂ ਰਾਹੀ ਸੁਣਾਉਦੇ ਵੀਰੋ ਨੂੰ.... ਜਦੋ ਵੀਰੋ ਆਪਣੇ ਘਰ ਦੇ ਕੰਮ ਕਾਰ ਕਰਦੀ ਹੁੰਦੀ ਤਾ ਹਮਦਰਦੀ ਰੱਖਣ ਵਾਲੇ....ਉਸ ਨੂੰ ਵੇਖਦੇ ਹੋਏ... ਅੱਖ ਨਾ ਪੱਟਦੇ ਏ—-ਗੱਲਾਂ ਬਾਤਾਂ ਰਾਹੀ ਦੋ ਅਰਥੀ ਗੱਲ ਵੀ ਕਹਿ ਜਾਂਦੇ, ਅੱਖਾਂ ਅੱਖਾਂ ਰਾਹੀ ਸਾਰੇ ਸਰੀਰ ਦਾ ਐਕਸ-ਰੇ, ਜਿਹੇ ਵੀ ਕਰ ਜਾਂਦੇ...!

ਵੀਰੋ ਸਭ ਕੁਝ ਜਾਣਦੀ ਬੁੱਝਦੀ ਹੋਈ, ਮਸਤੀ ‘ਚ ਘਰਲੂ ਕੰਮਾਂ ਕਾਰਾਂ ਦੇ ‘ਚ ਲੱਗੀ ਰਹਿੰਦੀ, ਜਿਵੇਂ, ਕਿ ਉਸ ਨੇ ਕੁੱਛ ਸੁਣਿਆ ਹੀ ਨਾ ਹੋਵੇ, ਪਰ,ਇਹ ਕਾਂਮੀ ਕਾਂ ਵਕਤ ਦੀ ਮਾਰੀ ਅਲਵਾ ਨਾਰੀ ਦੇ, ਤੰਨ- ਮਨ ਤੇ ਕਾਮ ਦੀਆ ਠੂੰਗਾਂ ਮਾਰਦੇ ਹੋਏ, ਉਸ ਦੇ ਅਰਮਾਨਾਂ ਨੂੰ ਲਹੂ ਲੁਹਾਨ

ਕਰਨ ਦੀ ਕੋਈ ਵੀ ਕਸਰ ਨਾ ਛੱਡਦੇ....

ਵੀਰੋ, ਜਦੋ ਵੀ ਗੁਵਾਂਡੀਆਂ ਦੀਆਂ ਜਨਾਨੀਆਂ ਨਾਲ ਸਰਪੰਚ ਦੇ ਖੇਤਾਂ ‘ਚ ਪਸ਼ੂਆਂ ਲਈ ਨੀਰਾ,ਟੁਕਰ ਲੈਣ ਜਾਂਦੀ, ...ਤਾਂ ਸਰਪੰਚਾਂ ਦਾ ਮੁੰਡਾ ਡਿੰਪਾ....ਉਸ ਨੂੰ ਹੱਥ ਪਾਉਣ ਦੀ ਤਾਕ ‘ਚ ਹਮੇਸ਼ਾ ਰਹਿੰਦਾ..... ਖੇਤ ਦੀ ਵੱਟੋ ਵੱਟ ਤੁਰਦਾ ਹੋਇਆ, ਵੀਰੋ ਦੇ ਨੇੜੇ ਆ ਖੜ ਜਾਂਦਾ, ਪਰ, ਵੀਰੋ, ਉਸ ਰਾਕਖਸ਼ ਦੇ ਪੰਜਿਆ ਦੀ ਪਕੜ ਤੋ ਬਚਣ ਦੇ ਲਈ,ਆਪਣੇ ਨਾਲ ਆਈਆਂ ਜਨਾਨੀਆਂ ਦਾ ਭੋਰਾ ਭਰ ਵੀ ਵਸਾਹ ਜਿਹਾ ਨਾ ਖਾਂਦੀ,

ਡਿੰਪਾ, ਖੇਤ ਦੀ ਵੱਟ ਤੇ ਖੜਾ, ਬਾਜ਼ ਵਾਂਗ ਝੱਪਟ ਮਾਰਨ ਦੀ ਤਿਆਰੀ ‘ਚ ਆਪਣੇ ਗੰਦੇ ਮਨ ਦੇ ਖੱਭ ਖਿਲਾਰਦਾ ਹੋਇਆ, ਆਪਣੇ ਸ਼ਿਕਾਰ ਨੂੰ ਬੇਸਬਰੀ ਦੀਆਂ ਨਜ਼ਰਾਂ ਨਾਲ ਤਾੜਦਾ ਰਹਿੰਦਾ.....ਕਿ ਕਦੋ ਮੌਕਾ ਲੱਗੇ

ਇਸ ਤੇ ਝਪਟ ਮਾਰ ਸ਼ਿਕਾਰ ਕਰ ਲਵਾਂ, ਪਰ, ਉਸ ਨੂੰ ਹਰ ਵਾਰ ਦੀ ਤਰ੍ਹਾਂ ਮੂੰਹ ਦੀ ਖਾਣੀ ਪੈਂਦੀ....ਵੱਸ ਨਾ ਚੱਲਦਾ ਵੇਖ....ਪਿਛਾਂਹ ਨੂੰ ਮੁੜ, ਵੀਰੋ ਦੀਆਂ ਸਾਥਣ ਜ਼ਨਾਨੀਆਂ ਦੇ ਨਾਲ ਗੱਲਾਂ ਬਾਤਾਂ ਕਰਨ ਮਲੰਗ ਜਾਂਦਾ, ਪਰ ਉਸ ਦੀਆਂ ਗੰਦੀਆਂ ਨਜ਼ਰਾਂ ਵੀਰੋ ਦੇ ਸਰੀਰ ਨੂੰ ਛਾਣਦੀਆਂ ਹੀ ਰਹਿੰਦੀਆਂ,

ਇੱਕਲਾ ਡਿੰਪਾ ਹੀ ਨਹੀ ਸੀ, ਵੀਰੋ ਦਾ ਰਾਹ ਰੁਕਣ ਵਾਲਾ.....

ਹੋਰ ਵੀ ਵਥੇਰੇ ਸਨ....ਜੋ ਰਾਹਾਂ ‘ਚ ਹਰ ਵੇਲੇ ਅੜਾਖੌੜ ਬਣ ਖੜੇ ਰਹਿੰਦੇ ਸਨ, ਜਿੱਧਰ ਨੂੰ ਵੀ ਇਹ ਜਾਂਦੀ...ਉੱਧਰ ਹੀ ਕਾਂਵਾਂ ਦੀਆਂ ਡਾਰਾਂ ਪਿੱਛੇ ਕਰਦੀਆ ਰਹਿੰਦੀਆਂ, ਕਿਸੇ ਨੇ ਸੱਚ ਹੀ ਕਿਹਾ ਏ...” ਕਿ ਗਰੀਬ ਦੀ ਘਰਵਾਲੀ ਨੂੰ ਹਰ ਕੋਈ ਭਾਬੀ ਕਹਿਣਾ ਚਾਹੁੰਦਾ ਏ, ਕੱਲੀ ਕਹਿਰੀ ਜਵਾਨ ਜਨਾਨੀ ਨੂੰ ਤਾਂ ਲੋਕ ਸ਼ਾਮਲਾਟ ਦੀ ਜ਼ਮੀਨ ਵਾਂਗ ਸਮਝਦੇ ਹੋਏ ਹੱਕ ਜਿਹੇ ਜਮਾਉਂਦੇ ਹੋਏ ਉਸ ਤੇ ਆਪਣੇ ਹਲ ਚਲਾਉਣ ਦੀ ਚਾਹਤਾਂ ਰੱਖਦੇ ਹਨ, ਇਹ ਇੱਕਲੇ ਅੱਜ ਦੇ ਜਮਾਨੇ ਦੀ ਗੱਲ ਨਹੀ, ਸਗੋਂ ਇਹ ਤਾਂ ਯੁਗਾਂ ਤੋ ਚਲਦਾ ਆ ਰਿਹਾ ਏ, ਮਰਦ ਪ੍ਰਧਾਨ ਜੋ ਹੋਇਆ ਸਾਡੇ ਸਮਾਜ ਦਾ....ਨਾਰੀ ਦੀ ਕੀ ਮਜ਼ਾਲ ਜੋ ਇਹਨਾ ਦਾ ਮੁਕਾਬਲਾ ਕਰ ਸਕੇ, !!

ਵੀਰੋ, ਬਿਰਧ ਸੱਸ ਦੀ ਦੇਖ ਭਾਲ ਕਰਦੀ ਹੋਈ, ਡੰਗਰ-ਪਸ਼ੂਆਂ ਦਾ ਦੁੱਧ ਵੇਚ ਕੇ, ਘਰ ਦਾ ਖਰਚਾ ਪਾਣੀ ਚਲਾਉਦੀ ਦਿਨ ਕੱਟੀਆਂ ‘ਚ ਵਸਰ ਕਰਦੀ ਆ ਰਹੀ ਸੀ, ਹਰ ਵੇਲੇ ਮਨੋ ਮਨੀ ਸੋਚਦੀ ਰਹਿੰਦੀ, ਕਿ ਚੱਲੋ ਕੱਲ ਨੂੰ ਗੋਲੂ ਜਵਾਨ ਹੋ ਜਾਓ...ਦਿਨ ਪੱਧਰੇ ਹੋ ਜਾਣਗੇ...ਫਿਰ ਕਛ ਸੁਖ ਦਾ ਸਾਹ ਆਓ...... ਪਰ..... ਇਧਰ ਪਿੰਡ ਦੇ ਸਫੈਦਪੋਸ਼-ਚੌਧਰੀ, ਪੀਲਾ ਕਾਰਡ, ਰਾਸ਼ਨ ਕਾਰਡ, ਪੈਨਸ਼ਨ ਲਗਵਾਉਣ ਦੇ ਆਨੇ ਬਹਾਨੇ ...ਵੀਰੋ ਦੇ ਪਰਿਵਾਰ ਨਾਲ ਹਮਦਰਦੀ ਰੱਖਣ ਦੀ ਆਡ ‘ਚ ਹਮੇਸ਼ਾ ਮੈਲੀਆਂ ਨਜਰਾਂ ਨਾਲ ਸੀਨਾ ਛਾਲਣੀ ਕਰਦੇ ਹੋਏ, ਆਪਣੇ ਮਨ ‘ਚ ਨਜ਼ਦੀਕੀਆਂ ਦੇ ਬਿਸਤਰੇ ਵਿਛਾਉਣ ਦੀਆਂ ਕੋਸ਼ਿਸ਼ਾ ਕਰਦੇ ਰਹਿੰਦੇ......ਵੀਰੋ, ਹਰ ਵੇਲੇ ਆਪਣੇ ਆਪ ਨੂੰ ਹੱਡਾ-ਰੋੜੀ ਦੇ ਕੁੱਤਿਆਂ ਵਿੱਚ ਘਿਰੀ ਗਾਂ ਵਾਂਗ ਮਹਿਸੂਸ ਕਰਦੀ ਰਹਿੰਦੀ.....

ਆਪਣੇ ਮਨ ਨਾਲ ਸੋਚਦੀ ਕਿ ਇਹਨਾ ਦਾ ਵੀ ਕੋਈ ਕਸੂਰ ਨਹੀ, ਜਦੋ ਖੇਤ ਦਾ ਕੋਈ ਰਾਖਾ ਹੀ ਨਾ ਹੋਵੇ, ਨਾ ਹੀ ਉਸ ਖੇਤ ਨੂੰ ਵਾੜ ਹੋਵੇ, ਫਿਰ ਅਵਾਰਾ ਪਸ਼ੂਆਂ ਨੇ ਤਾਂ ਮੌਕੇ ਤਾੜ ਕੇ ਚੋਰੀ ਛਿੱਪੀ ਮੂੰਹ ਮਾਰਨੇ ਹੁੰਦੇ ਹੀ ਨੇ.....

ਜਦੋ ਇਹੋ ਗੱਲਾਂ ਹੱਦ ਤੋ ਬਾਹਰ ਹੋਣ ਲੱਗੀਆਂ ਤਾਂ ਵੀਰੋ ਨੂੰ ਇਹ ਮਹਿਸੂਸ ਹੋਣ ਲੱਗਾ, ਕਿ ਹੁਣ ਤਾਂ ਪਾਣੀ ਸਿਰ ਤੋ ਉੱਪਰ ਹੋ ਗਿਆ

ਕਿਉ ਨਾ ਇਹਨਾ ਮਾਸ਼ਖੋਰਾਂ ਬਗਿਆੜਾਂ ਤੋ ਆਪਣੇ ਆਪ ਨੂੰ ਬਚਾਉਣ ਦੇ ਲਈ ...ਕੁਝ ਅਜਿਹਾ ਕੀਤਾ ਜਾਏ, ਜਿਸ ਨਾਲ ਸੱਪ ਵੀ ਮਰ ਜਾਏ ਤੇ ਸੋਟੀ ਵੀ ਬਚ ਜਾਏ......ਵੀਰੋ ਸੁਬ੍ਹਾ-ਸ਼ਾਮੀ ਮਨ ‘ਚ ਇਹੋ ਭੰਨਾਂ ਘੜਤਾਂ ‘ਚ ਸੋਚਦੀ ਰਹਿੰਦੀ....

ਇੱਕ ਦਿਨ ਪਿੰਡ ਦੀ ਖਬਰ ਸਾਰ ਰੱਖਣ ਵਾਲੀ ਬਾਗ ਵਾਲਿਆ ਦੀ ਬਿਸ਼ਨੀ ਬੁੱਢੀ ਨੂੰ ਮਿਲ, ਵੀਰੋ ਨੇ ਆਪਣੇ ਮਨ ਦੀ ਸੋਚੀ ਸਮਝੀ ਹੋਈ ਸ਼ਕੀਮ ਅਨੁਸਾਰ, ਪਿੰਡ ਦੀ ਫਿਰਨੀ ਤੇ ਤੁਰੀ ਜਾਂਦੀ ਬੇਬੇ ਬਿਸ਼ਨੀ ਨੂੰ ਵੇਖ,ਹਾਕ ਜਿਹੀ ਮਾਰ ਰੋਕ ਸਤਿ ਸ੍ਰੀ ਅਕਾਲ ਬੁਲਾ, ਹਾਲ ਚਾਲ ਜਾਣਦਿਆਂ ਹੋਇਆ ਕਹਿਣ ਲੱਗੀ.......ਤਾਈ ਜੀ, ਪੈਰੀ ਪੈਨੀ ਆ...ਤੁਸੀ ਠੀਕ ਹੋ...ਸਿਹਤਾਂ ਵੀ ਤੁਹਾਡੀ ਠੀਕ ਆ, ਵੀਰੋ ਨੇ ਬਿਸ਼ਨੀ ਬੇਬੇ ਦੇ ਪੈਰਾਂ ਨੂੰ ਚੁੰਨੀ ਜਿਹੀ ਲਾ ਮੱਥਾ ਟੇਕਦਿਆ ਹੋਇਆ ਕਿਹਾ, “ ਤਾਈ ਜੀ, ਬੜੇ ਦਿਨਾਂ ਬਾਅਦ ਤੁਹਾਨੂੰ ਵੇਖਿਆ ਘਰ ਪਰਿਵਾਰ ਵਿੱਚ ਸੁੱਖ ਸ਼ਾਂਤ ਐ.....? ਹਾਂ ਭਾਈ, ਬਹੂ.... ਜੋ ਦਿਨ ਲੰਘਦਾ ਵਾ...ਚੰਗਾ ਈ ਆ..ਬਸ, ਹੁਣ ਤਾਂ ਨਦੀ ਕਿਨਾਰੇ ਰੁੱਖ ਆ...ਪਤਾ ਨਹੀ ਕਦੋ ਬੁਲਾਵਾ ਆ ਜਾਵੇ, ਉੱਪਰ ਵਾਲੇ ਦਾ....!!

ਬਹੁਤ ਵੇਖ ਲਿਆ ਤੇਰਾ ਜ਼ਮਾਨਾ ਵੀ ਹੁਣ ਤਾਂ ਨੀਲੀ ਛੱਤ ਵਾਲੇ ਦੀ ਕਚਹਿਰੀ ਵੇਖਣ ਦੀ ਵਾਰੀ ਆ.....

........ਗੱਲ ਸੁਣ ਨੀ ਕੁੜੀਏ...ਕੀ ਇਹ ਸੱਚ ਆ......? ਤੇਲੀਆਂ ਦੀ ਬੁੜੀ ਤੋ, ਮੈ, ਉੱਡਦੀ ਉੱਡਦੀ ਗੱਲ ਸੁਣੀ ਆ, ਕਿ ਸਰਪੰਚਾਂ ਦੇ ਮੁੰਡੇ ਨੇ ਤੇਰੀ ਪੱਤ ਨੂੰ ਹੱਥ ਪਾ ਲਿਆ ਸੀ ਜਦੋ ਤੂੰ ਸੁੰਨਾਂ ਦੇ ਖੇਤਾਂ ਚੋ ਪੱਠੇ ਲੈਣ ਗਈ ਸਾਂ.....ਨਾਲੇ ਸੁਨਣ ‘ਚ ਤਾਂ ਇਹ ਵੀ ਆਇਆ, ਕਿ ਲੰਬੜਾਂ ਦਾ ਦੇਵੀ ਵੀ, ਅੱਜ ਕਲ ਤੇਰੇ ਘਰ ਦੇ ਗੇੜੇ ਬਹੁਤ ਮਾਰਨ ਲੱਗਾ ਏ...!! ਕੀ ਇਹ ਗੱਲ ਏ ਸੱਚ ਐ ਵੀਰੋ....? ਐਵੇਂ ਨਾ ਮੂੰਹ ਲਾ ਲੈਣਾ ਕਲੱਛਣੇ ਜਿਹੇ ਨੂੰ....? ਛੜਾ -ਛੜਾਂਗ ਵੈਲੀ ਬੰਦਾ ਏ, ਵੇਚ ਕੇ ਖਾਹ ਜਾਓ ਤੈਨੂੰ ਬੱਚ ਕੇ ਰਹੀ ਉਸ ਕੰਜਰ ਤੋ..,ਗੰਦੀ ਸੋਚ ਦਾ ਮਾਲਕ ਐ, ਕਮੀਣ-ਕਾਦਣ ਤੇ ਮੈਲੀ ਅੱਖ ਰੱਖਦਾ ਵਾ....ਸਾਰਾ ਪਿੰਡ ਜਾਣਦਾ ਉਹਦੇ ਲੱਛਣਾ ਨੂੰ....ਲਗੋਟੇ ਦਾ ਗੰਦਾ ਖੱਚ ਬੰਦਾ ਏ,ਜਿਦਾਂ ਦਾ ਬਾਪ, ਉਦਾਂ ਦਾ ਹੀ ਕਪੁੱਤ....ਵੀਹ ਵਾਰ ਪੰਚਾਇਤ ‘ਚ ਉਹਦੇ ਛਿੱਤਰ ਪਏ ਨੇ, ਅੱਖ ਤਾਂ ਵੇਖ ਉਹਦੀ..ਜਿਵੇਂ ਇੱਲ ਦੀ ਹੋਵੇ, ਖੜਾ ਖੜਾ ਹੀ ਜ਼ਨਾਨੀ ਦਾ ਅੰਗ ਅੰਗ ਛਾਣ ਮਾਰਦਾ ਏ, ਐਦਾਂ ਦੇ ਮਲੰਗਾਂ ਨੂੰ ਘਰ ਦੀ ਦੇਹਲ਼ੀ ਨਹੀ ਟੱਪਣ ਦੇਈਦਾ, ਬਾਅਦ ਵਿੱਚ ਪਛਤਾਇਆ ਕੁਝ ਨਹੀ ਬਣਦਾ, ਹੁੰਦਾ, ਇੱਕ ਵਾਰ ਇੱਜ਼ਤ ਖਿਲਰੀ ਹੋਈ ਫੇਰ ਹੱਥ ਨੀ ਆਉਂਦੀ ਹੁੰਦੀ ਬਾਕੀ ਧੀਏ ਤੂੰ ਵੀ ਸਿਆਣੀ ਏ, ਬਹੁਤੀਆਂ ਗੱਲਾਂ ਕਰਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ, ਬਸ ਗੱਲ ਦਾ ਇਸ਼ਾਰਿਆਂ ਹੀ ਸਮਝ ਲਈ ਦਾ

ਮਰ ਜਾਣੀਏ....ਹੁਸਨ ਵੀ ਰੱਬ ਨੇ ਤੈਨੂੰ ਲੋੜ੍ਹੇ ਦਾ ਦਿੱਤਾ ਵਾ.....

ਉੱਪਰੋਂ ਸਿਰ ਦਾ ਸਾਂਈ ਵੀ ਤੇਰੇ ਨਾਲ ਧੋਖਾ ਕਰ ਗਿਆ, ਕੱਲੀ ਕਹਿਰੀ ਜਨਾਨੀ ਦਾ ਜੱਗ ਤੇ ਰਹਿਣਾ ਵੀ ਬੜਾ ਮੁਸ਼ਕਲ ਆ...ਉਹ ਵੀ ਜਵਾਨੀ ਪਹਿਰੇ ‘....ਪਿੰਡ ਦੇ ਮੁਸਟੰਡੇ ਤੇਰੇ ਪਿੱਛੇ ਲਾਲਆਂ ਸੁਟਦੇ ਫਿਰਦੇ ਆ ਬਿਸ਼ਨੀ ਬੁੱਢੀ ਇਕੋ ਸਾਹ ਵਿੱਚ ਕਈ ਸਵਾਲ ਪਾ, ਵੀਰੋ ਦੇ ਮੂੰਹ ਵੱਲ ਤੱਕਦੀ ਹੋਈ ਬੋਲੀ ਹੀ ਜਾ ਰਹੀ ਸੀ......

ਹਾਂ ਤਾਈ....ਤੇਰੇ ਕੋਲੋ ਕਾਹਦਾ ਓਹਲਾ ਕਦੇ ਦਾਈਆਂ ਕੋਲੋਂ ਵੀ ਪੇਟ

ਲੁਕਾਏ ਜਾਂਦੇ ਆਂ, ਤੁਸੀ ਤਾਂ ਮੇਰੀ ਮਾਂ ਦੇ ਸਮਾਨ ਹੋ....ਤਾਂਹੀਓ ਤਾਂ ਤਾਈ, ਤੇਰੇ ਕੋਲ ਬਹਿ ਕੇ ਆਪਣਾ ਸਾਰਾ ਢਿੱਡ ਫਰੋਲ ਲਈ ਦਾ... ਵ

ਕੀ ਦੱਸਾਂ, ਮੈ.....ਪਰ, ਤਾਈ..ਤੂੰ ਕਿਸੇ ਕੋਲ ਇਸ ਗੱਲ ਦੀ ਭਾਫ਼ ਨਾ ਕੱਢੀ ....ਆਖਰ ਮੇਰੀ ਇੱਜ਼ਤ ਦਾ ਸਵਾਲ ਆ, ਪਿੰਡ ਵਿੱਚ ਰਹਿਣਾ ਵਾ...ਤਾਈ ਤੈਨੂੰ ਸੌਂਹੁੰ ਲੱਗੇ, ਸਫ਼ੈਦਿਆਂ ਆਲੇ ਬਾਬਿਆਂ ਦੀ, ਜੇਕਰ ਤੂੰ ਕਿਸੇ ਕੋਲ ਮੇਰੀ ਇਹ ਗੱਲ ਦੀ ਸੂਹ ਕੱਢੇ—-ਤਾਈ....ਕੀ ਮੈਂ ਅੱਗ ਲਾਉਣੀ ਏ, ਐਦਾਂ ਦੀ ਜਵਾਨੀ ਨੂੰ...ਮੈਂ ਤਾਂ ..ਨਾ ਜਿਉਦਿਆਂ ਵਿੱਚ ਹਾਂ ਨਾ ਹੀ ਮਰਿਆ ਦੇ ਵਿੱਚ.....ਜੇ, ਤੂੰ.....ਸੱਚ ਜਾਣੇ ਤਾਈ ਮੇਰੀ ਏ.....

ਤੇਰੇ ਭਤੀਜੇ ਨੂੰ ਨਾਮੁਰਾਦ ਬਿਮਾਰੀ ਸੀ....ਜਿਹਨੂੰ ਏਡਜ ਉਜ਼ੜ ਜਿਹੀ ਕਹਿੰਦੇ ਆ....ਟਰੱਕ ਡਰਾਇਵਰ ਸੀ, ਪਤਾ ਨੀ, ਕਿੱਥੇ ਕਿੱਥੇ ਮੂੰਹ ਮਾਰਿਆ ਹੋਣਾ ਉਸ ਚੰਦਰੇ ਨੇ... ? ਤਾਹੀਂ ਓ ...ਇਹ ਚੰਦਰੀ ਬਿਮਾਰੀ

ਜਾਂਦਾ ਜਾਂਦਾ ਹੋਇਆ ਸੌਗ਼ਾਤ ਦੇ ਵਿੱਚ ਮੈਨੂੰ ਦੇ ਗਿਆ.....ਆਪ ਤਾਂ ਮਰ ਕੇ ਖਹਿੜਾ ਛੁਡਾ ਲਿਆ, ਨਾਮੁਰਾਦ ਬਿਮਾਰੀ ਤੋ......

ਮੈਨੂੰ ਤਾਂ ਜਿਉਂਦੀ ਨੂੰ ਨਰਕਾਂ ਵਿੱਚ ਸੁੱਟ ਗਿਆ...ਸੁਨਣ ਵਿੱਚ ਤਾਂ ਇਹ ਵੀ ਆਇਆ ਕਿ, ਇਹ ਬਹੁਤ ਖਤਰਨਾਕ ਬਿਮਾਰੀ ਐ.. ਏਡਜ਼

ਹੁਣ ਤਾ ਡਾਕਟਰ ਵੀ ਕਹਿੰਦੇ ਆ...ਕਿ ਤੂੰ ਭਾਈ ਕਿਸੇ ਮਰਦ ਨਾਲ ਸਾਥ ਨਾ ਬਣਾਈ.... ਕਿਸੇ ਦਾ ਵਸਿਆ ਵਸਾਇਆ ਘਰ, ਨਾ ਉਜਾੜ ਦੇਈ, .....ਤੈਨੂੰ ਪਾਪ ਲੱਗੂ.....!!ਤਾਂਹੀਓ ਨਹੀ...ਮੈ ਕਿਸੇ ਬੰਦੇ ਨੂੰ ਮੂੰਹ ਲਗਾਉਦੀ...ਬਸ ਹੋਰ ਕੋਈ ਗੱਲ ਨਹੀ....ਤਾਈ ਜੀ....ਦਿਲ ਤਾਂ ਮੇਰੇ ਵੀ ਵਥੇਰਾ ਕਰਦਾ ਵਾ... ਜਵਾਨੀ ਪਹਿਰੇ ਦੀ ਰੁੱਤ ਮਾਣਨ ਨੂੰ...। ਵੀਰੋ ਨੇ ਬਿਸ਼ਨੀ ਬੁੱਢੀ ਦੇ ਅੱਗੇ ਅੱਖਾਂ ਭਰ, ਮਨ ਦੀ ਘੜੀ ਘੜਾਈ ਸਕੀਮ

ਅਨੁਸਾਰ ਸਾਰੀ ਕਹਾਣੀ ਸੁਣਾ ਕੇ, ਸਿਰ ਤੇ ਲਈ ਹੋਈ ਚੁੰਨੀ ਦੇ ਨਾਲ ਆਪਣੀਆਂ ਅੱਖਾਂ ਦੇ ਹੰਝੂ ਪੌਂਝਦੀ ਹੋਈ ਲੰਮੀਆਂ ਲੰਮੀਆਂ ਡਿੰਘਾਂ ਪੁਟਦੀ ਹੋਈ ਆਪਣੇ ਘਰ ਵੱਲ ਨੂੰ ਚਾਲੇ ਪਾ ਗਈ......

ਬੇਬੇ ਬਿਸ਼ਨੀ ਨੇ ਉਸ ਦਿਨ ਹੀ ਸਾਰੇ ਪਿੰਡ ‘ਚ ਵੀਰੋ ਦੀ ਇਸ ਬਿਮਾਰੀ ਦੀ ਗੱਲ ਉੱਡਾ ਦਿੱਤੀ, ਜਨਾਨੀਆਂ ਤੋ ਅੱਗੇ ਤੋ ਅੱਗੇ ਹੁੰਦੀ ਗੱਲ ਕੁਝ ਕੁ ਪਲਾਂ ,ਚ ਸੱਥ, ਦਰਵਾਜ਼ੇ, ਕੰਧੀ ਕੌਲੇ ਲੱਗਦੀ ਹੋਈ ਮਰਦ-ਮੁੰਡੀਰ ਕੋਲ ਪਹੁੰਚਣ ਦੇ ਵਿੱਚ ਦੇਰ ਨਾ ਲੱਗੀ.....ਹੁਣ ਜਦੋ ਵੀ ਵੀਰੋ ਪਿੰਡ ‘ਚ ਜਾਂ ਬਾਹਰ ਖੇਤਾਂ ‘ਚ ਕੱਲੀ ਕਹਿਰੀ ਨੀਰਾ ਟੁਕਰ ਲੈਣ ਜਾਂਦੀ, ਤਾਂ ਉਹੀ ਕਾਮੀ ਕਾਂ, ਵੀਰੋ ਨੂੰ ਵੇਖਣ ਸਾਰ ਦੂਰ ਉੱਡਣ ਲੱਗੇ, ਸਰਪੰਚਾਂ ਦਾ ਮੁੰਡਾ ਡਿੱਪਾ ਜੋ ਵੀਰੋ ਦਾ ਹਰ ਵੇਲੇ ਉਸ ਦੇ ਰਾਹ ਦੀਆਂ ਪੈੜਾਂ ਨੱਪਦਾ ਰਹਿੰਦਾ ਸੀ, ਹੁਣ ਉਹ ਵੀ ਕਿਤੇ ਅੱਖ ‘ਚ ਪਾਇਆ ਨਾ ਰੜਕਦਾ, ਲੰਬਰਦਾਰਾਂ ਦੇ ਦੇਵੀ ਦਾ ਵੀ, ਵੀਰੋ ਦੇ ਘਰ ਵਿੱਚ ਗੇੜਾ ਵੱਜਣਾ ਵੀ ਬੰਦ ਹੋ ਚੁੱਕਾ ਸੀ.....ਵੀਰੋ ਹੁਣ ਏਡਜ ਬਿਮਾਰੀ ਦਾ ਲੱਖ ਲੱਖ ਸ਼ੁਕਰਾਨੇ ਕਰਦੀ ਹੋਈ

ਆਪਣੇ ਪਰਿਵਾਰ ਵਿੱਚ ਜੀਵਨ ਵਸਰ ਕਰਨ ਲੱਗੀ......ਧੰਨਵਾਦ